## ਆਰਥਿਕ ਨਿਆਂ, ਸੰਪੱਤੀ ਉਸਾਰੀ ਅਤੇ ਸੰਭਾਲ਼

HERA ਪੂਰੇ ਕੈਲੇਫੋਰਨੀਆ ਵਿੱਚ, ਨਾਟ-ਫਾਰ-ਪ੍ਰੌਫਿਟ ਕਾਨੂੰਨੀ ਸੇਵਾਵਾਂ ਦੇਣ ਵਾਲ਼ੀ ਸੰਸਥਾ ਹੈ ਜੋ ਓਕਲੈਂਡ ਕੈਲੇਫੋਰਨੀਆਂ ਵਿੱਚ ਸਥਿਤ ਹੈ। HERA ਸਾਰੇ ਕੈਲੇਫੋਰਨੀਆ ਨਿਵਾਸੀਆਂ ਲਈ ਆਰਥਿਕ ਨਿਆਂ ਹਾਸਲ ਕਰਨ ਲਈ ਸਮਰਪਿਤ ਹੈ। HERA ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ:

- ਵਿਅਕਤੀਆਂ ਨੂੰ ਸਿੱਧੀਆਂ ਕਾਨੂੰਨੀ ਸੇਵਾਵਾਂ (ਸਲਾਹ, ਕਾਨੂੰਨੀ ਅਤੇ ਆਰਥਿਕ ਕੋਚਿੰਗ, ਵਕਾਲਤ, ਅਤੇ ਮੁਕੱਦਮੇਂਬਾਜ਼ੀ); ਅਤੇ
- ਖਪਤਕਾਰਾਂ ਦੀ ਸੇਵਾ ਲਈ ਉਪਲਬਧ ਸਰੋਤ ਭੰਡਾਰ ਨੂੰ ਫੈਲਾਉਣ ਲਈ ਨੌਨ-ਪ੍ਰੌਫਿਟ ਅਤੇ ਪ੍ਰਾਈਵੇਟ ਵਕੀਲਾਂ, ਸਰਕਾਰੀ ਏਜੈਂਸੀਆਂ, ਸੋਸ਼ਲ ਵਰਕਰਾਂ, ਸਿਹਤ ਮਾਹਿਰਾਂ ਅਤੇ ਦੂਸਰੇ ਮਾਹਿਰਾਂ ਲਈ ਤਕਨੀਕੀ ਮਦਦ ਅਤੇ ਸਿਖਲਾਈ; ਅਤੇ
- ਖਪਤਕਾਰਾਂ ਦੇ ਤਜ਼ਰਬੇ ਅਤੇ ਫਿਕਰਾਂ ਨੂੰ ਅਸਰਦਾਰ ਕਾਨੂੰਨ, ਰਹਿਨੁਮਾਈ, ਅਤੇ ਪ੍ਰਕਿਰਿਆਵਾਂ ਵਿੱਚ ਅਨੁਵਾਦ ਕਰਨ ਲਈ ਨੀਤੀ ਕਾਰਜ; ਅਤੇ
- ਲੋੜਵੰਦਾਂ ਦੀ ਬਿਹਤਰ ਮਦਦ ਲਈ ਉਸਾਰੂ, ਮਜ਼ਬੂਤ ਸਹਿਯੋਗ ਅਤੇ ਹਿੱਸੇਦਾਰੀ.



HERA ਖ਼ਾਸ ਤੌਰ `ਤੇ ਬਜ਼ੁਰਗਾਂ, ਔਰਤਾਂ, ਆਪੰਗਾਂ, ਸਾਬਕਾਂ ਫੌਜੀਆਂ, ਮੌਜੂਦਾ ਸਰਵਿਸਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਰੰਗਦਾਰ ਲੋਕਾਂ, ਇਮੀਗ੍ਰੈਂਟਾਂ, ਮੁੜ-ਸ਼ਮੂਲੀਅਤ ਦੇ ਦੌਰ `ਚੋਂ ਲੰਘ ਰਹੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਅਤੇ ਘੱਟ ਅਤੇ ਦਰਮਿਆਨੀ ਆਮਦਨ ਵਾਲ਼ੇ ਲੋਕਾਂ `ਤੇ ਕੇਂਦਰਿਤ ਹੁੰਦੀ ਹੈ। HERA ਸਟਾਫ਼ ਸਪੈਨਿਸ਼, ਪੁਰਤਗੀਜ਼, ਫ਼ਰੈਂਚ ਅਤੇ ਕੋਰੀਅਨ ਭਾਸ਼ਾਵਾਂ ਬੋਲਦਾ ਹੈ ਅਤੇ ਅਸੀਂ ਕੈਲੇਫੋਰਨੀਆ ਨਿਵਾਸੀਆਂ ਵੱਲੋਂ ਬੋਲੀਆਂ ਜਾਂਦੀਆਂ ਅਨੇਕਾਂ ਹੋਰ ਭਾਸ਼ਾਵਾਂ ਲਈ ਦੁਭਾਸ਼ੀਏ ਦੀਆਂ ਸੇਵਾਵਾਂ ਲੈਂਦੇ ਹਾਂ।

# HERA

housing and
economic
rights advocates

**ਲੋਕਾਂ ਨੂੰ ਵਿਤਕਰੇ ਅਤੇ ਆਰਥਿਕ ਦੁਰਵਿਹਾਰ ਤੋਂ ਬਚਾਉਣਾ, ਖ਼ਾਸ ਕਰਕੇ ਘਰਾਂ ਦੇ ਖੇਤਰ ਵਿੱਚ।**

ਅਸੀਂ ਤੁਹਾਡੇ ਵਿਕਲਪ ਅਤੇ ਹੱਕ ਸਮਝਾਉਂਦੇ ਹਾਂ
ਤੁਹਾਡੇ ਹੱਕ ਬਚਾਉਣ ਵਿੱਚ ਅਤੇ ਅਪਮਾਨਜਨਕ ਵਰਤਾਰਿਆਂ ਖਿਲਾਫ ਲੜਨ ਵਿੱਚ ਅਸੀਂ ਵਕਾਲਤ ਰਾਹੀਂ ਤੁਹਾਡੀ ਮਦਦ ਕਰਦੇ ਹਾਂ। ਅਸੀਂ ਤੁਹਾਨੂੰ ਸਿਖਾਉਂਦੇ ਹਾਂ ਕਿ ਆਪਣੇ ਲਈ ਅਤੇ ਆਪਣੇ ਪਰਿਵਾਰ ਲਈ ਕਿਵੇਂ ਸੁਰੱਖਿਅਤ ਅਰਾਥਿਕ ਭਵਿੱਕ ਉਸਾਰਨਾ ਹੈ।

HERA
**ਹਾਊਸਿੰਗ ਐਂਡ**
**ਇਕਨੌਮਿਕ**
**ਰਾਈਟਸ ਐਡਵੋਕੇਟਸ**

**HOUSING & ECONOMIC RIGHTS ADVOCATES**
**@HERADVOCATES**
**WWW.HERACA.ORG**
**(510) 271-8443 EXT. 300**
**INQUIRIES@HERACA.ORG**
**MAIL: P.O. BOX 29435**
**OAKLAND, CA 94604**

HERA

housing and
economic
rights advocates



# ਅਸੀਂ ਕੌਣ ਹਾਂ

## ਧੋਖਾਦੇਹ ਅਤੇ ਗੈਰਵਾਜਿਬ ਕਰਜ਼ਾ

ਧੋਖੇ ਵਾਲਾ ਕਰਜ਼ਾ ਕਰਜ਼ਾਈ `ਤੇ ਗੈਰਵਾਜਿਬ ਸ਼ਰਤਾਂ ਲਾਗੂ ਕਰਦਾ ਹੈ। ਇਹ ਅਕਸਰ ਹੀ ਉਨ੍ਹਾਂ ਗਰੁੱਪਾਂ ਨੂੰ ਨਿਸ਼ਾਨਾ ਬਣਾਉਣਾ ਹੈ ਜੋ ਖ਼ਾਸ ਕਰਕੇ ਕਮਜ਼ੋਰ ਹੁੰਦੇ ਹਨ: ਬਜ਼ੁਰਗ, ਔਰਤਾਂ, ਰੰਗਦਾਰ ਲੋਕ, ਅਪੰਗ ਲੋਕ, ਇਮੀਗ੍ਰੈਂਟ, ਸਮਲਿੰਗੀ ਮਰਦ ਅਤੇ ਔਰਤਾਂ (LGBTQ), ਮਾਰਕੀਟ `ਚ ਦੁਬਾਰਾ ਦਾਖ਼ਲ ਹੋ ਰਹੇ ਲੋਕ ਅਤੇ ਉਨ੍ਹਾਂ ਦੇ ਪਰਿਵਾਰ, ਅਤੇ ਘੱਟ ਅਤੇ ਦਰਮਿਆਨੀ ਆਮਦਨ ਵਾਲ਼ਾ ਭਾਈਚਾਰਾ। HERA ਇਸ ਦੁਰਵਿਹਾਰਕ ਵਰਤਾਰੇ ਖਿਲਾਫ ਲੜਦੀ ਹੈ।

**ਅਸੀਂ ਤੁਹਾਡੇ ਵਿਕਲਪ ਅਤੇ ਹੱਕ ਸਮਝਾਉਂਦੇ ਹਾਂ**

## ਘਰ ਦੀ ਮਾਲਕੀ ਬਰਕਰਾਰ ਰੱਖਣੀ

ਜਾਇਦਾਦ ਜ਼ਬਤੀ ਤੋਂ ਬਚਣ ਵਿੱਚ ਤੁਹਾਡੀ ਮਦਦ ਕਰਨ ਲਈ ਅਤੇ ਹੋਮਓਨਰ ਐਸੋਸੀਏਸ਼ਨ ਦੀਆਂ ਮੁਸ਼ਕਿਲਾਂ, ਹੋਮ ਐਨਰਜੀ ਦੇ ਘੋਟਾਲਿਆਂ, ਜ਼ਮਾਨਤ ਬੌਂਡ ਵਸੂਲਣ ਦੀਆਂ ਸਮੱਸਿਆਵਾਂ, ਕੋਡ ਲਾਗੂ ਕਰਨ ਸਬੰਧੀ ਮੁੱਦਿਆਂ, ਪ੍ਰੌਪਰਟੀ ਟੈਕਸ ਪ੍ਰਤੀ ਸਵਾਲਾਂ,ਅਤੇ ਬਹੁਤ ਸਾਰੇ ਉਨ੍ਹਾਂ ਹੋਰਨਾਂ ਫਿਕਰਾਂ ਨਾਲ਼ ਨਜਿੱਠਣ ਵਿੱਚ ਤੁਹਾਡੀ ਮਦਦ ਕਰਨ ਲਈ ਘਰ ਦੇ ਮਾਲਿਕਾਂ ਨਾਲ਼ ਕੰਮ ਕਰਦੀ ਹੈ ਜੋ ਤੁਹਾਡਾ ਪਰਿਵਾਰਕ ਘਰ ਬਚਾਈ ਰੱਖਣ ਦੀ ਤੁਹਾਡੀ ਸਮਰੱਥਾ ਲਈ ਖ਼ਤਰਾ ਪੈਦਾ ਕਰਦੇ ਨੇ। ਸਲਾਹ-ਮਸ਼ਵਰੇ, ਵਰਕਸ਼ਾਪਾਂ, ਕਾਨੂੰਨੀ ਸਲਾਹ, ਵਕਾਲਤ ਅਤੇ ਪਾਲਿਸੀ ਵਰਕ ਰਾਹੀਂ HERA ਤੁਹਾਨੂੰ ਆਪਣੀ ਜ਼ਿੰਦਗੀ ਦੀ ਸਭ ਤੋਂ ਅਹਿਮ ਸੰਪੱਤੀ ਬਚਾਈ ਰੱਖਣ ਵਿੱਚ ਤੁਹਾਡੀ ਮਦਦ ਕਰਦੀ ਹੈ।

## ਜਾਇਦਾਦ ਦੀ ਯੋਜਨਾਬੰਦੀ

ਤੁਸੀਂ ਆਪਣਾ ਘਰ ਅਤੇ ਦੂਸਰੀ ਸੰਪੱਤੀ ਬਣਾਉਣ ਲਈ ਬਹੁਤ ਸਖ਼ਤ ਮਿਹਨਤ ਕੀਤੀ ਹੈ ਅਤੇ ਸ਼ਾਇਦ ਆਪਣੀ ਮੌਤ ਤੋਂ ਬਾਅਦ ਤੁਸੀਂ ਇਹ ਵਿਰਾਸਤ ਆਪਣੇ ਪਰਿਵਾਰ ਨੂੰ ਅੱਗੇ ਦੇਣੀ ਚਾਹੁੰਦੇ ਹੋਵੋਗੇ। ਆਪਣੇ ਪਰਿਵਾਰਕ ਘਰ ਨੂੰ ਅੱਗੇ ਦੇਣਾ ਤੁਹਾਡੇ ਬੱਚਿਆਂ ਅਤੇ ਪੋਤੇ ਪੋਤੀਆਂ ਲਈ ਆਪਣੇ ਭਾਈਚਾਰੇ ਵਿੱਚ ਟਿਕੇ ਰਹਿਣ ਜਾਂ ਕਾਲਿਜ ਜਾਣ ਵਿੱਚ ਮਦਦ ਕਰ ਸਕਦਾ ਹੈ। ਜੇ ਤੁਸੀਂ ਖੁਦ ਆਪਣੀ ਸੰਪੱਤੀ ਦੀ ਹੁਣ ਸੰਭਾਲ਼ ਨਹੀਂ ਕਰ ਸਕਦੇ ਤਾਂ ਤੁਹਾਡੇ ਜੀਵਨ ਦੌਰਾਨ ਇਸਨੂੰ ਮੈਨੇਜ ਕਰਨ ਲਈ HERA ਜਾਇਦਾਦ ਯੋਜਨਾ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ ਅਤੇ ਤੁਹਾਡੀ ਮੌਤ ਤੋਂ ਬਾਅਦ ਤੁਹਾਡੀ ਸੰਪੱਤੀ ਦੀ ਵੰਡ ਦੀ ਯੋਜਨਾ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

## ਕਾਲਿਜ ਤੱਕ ਪਹੁੰਚ ਅਤੇ ਕਾਮਯਾਬੀ

HERA ਕਮਜ਼ੋਰ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਮਝਾਉਂਦੀ ਹੈ ਕਿ ਸੈਕੰਡਰੀ ਸਕੂਲ ਤੋਂ ਬਾਅਦ ਦੀ ਪੜ੍ਹਾਈ ਦੀਆਂ ਫ਼ੀਸਾਂ ਕਿਵੇਂ ਦੇਣੀਆਂ ਹਨ, ਨਾਮਵਰ ਸਕੂਲ ਦੀ ਚੋਣ ਕਿਵੇਂ ਕਰਨੀ ਹੈ, ਅਤੇ ਸਟੂਡੈਂਟ ਲੋਨ ਦਾ ਕਰਜ਼ਾ ਕਿਵੇਂ ਉਤਰਾਨਾ ਹੈ।

## ਸਿਹਤਮੰਦ ਕੈਲੇਫੋਰਨੀਏ

ਖਪਤਕਾਰ ਸਿੱਖਿਆ, ਇਕੱਲੇ ਇਕੱਲੇ ਦੀ ਸਿਖਲਾਈ, ਸਲਾਹ ਅਤੇ ਪਾਲਿਸੀ ਵਰਕ ਰਾਹੀਂ HERA ਉਨ੍ਹਾਂ ਕੈਲੇਫੋਰਨੀਆ ਨਿਵਾਸੀਆਂ ਦੀ ਸਿਹਤਯਾਬੀ ਲਈ ਕੰਮ ਕਰਦੀ ਹੈ ਜੋ ਕਰਜ਼ੇ ਅਤੇ ਉਧਾਰ ਦੀਆਂ ਸਮੱਸਿਆਵਾਂ ਨਾਲ਼ ਜੂਝ ਰਹੇ ਹਨ। ਵੱਡਿਆਂ, ਬਜ਼ੁਰਗਾਂ, ਅਤੇ ਅਪੰਗ ਵਿਅਕਤੀਆਂ ਦੀ ਦੇਖਭਾਲ਼ ਕਰਨ ਵਾਲ਼ੇ ਲੋਕਾਂ ਦੀ ਸਿਹਤ ਅਤੇ ਆਰਥਿਕ ਚਿੰਤਾ ਮੁੱਖ ਮੁੱਦੇ ਹਨ।

## ਗ਼ਲਤੀ ਨਾਲ਼ ਕਰਜ਼ਾ ਵਸੂਲੀ

ਬਹੁਤ ਸਾਰੇ ਲੋਕ ਕਈ ਤਰ੍ਹਾਂ ਦੇ ਕਰਜ਼ਿਆਂ ਹੇਠ ਹਨ --- ਕਰੈਡਿਟ ਕਾਰਡ, ਸਟੂਡੈਂਟ ਲੋਨ, ਦਵਾਈਆਂ ਦੇ ਬਿੱਲ, ਪੇਅ-ਡੇਅ ਲੋਨ, ਤੁਸੀਂ ਕੁਝ ਵੀ ਕਹਿ ਲਉ। ਕਈ ਵਾਰ ਕਰਜ਼ਾ ਵਸੂਲਣ ਵਾਲ਼ੇ ਬਦਤਮੀਜ਼ੀ ਕਰਦੇ ਨੇ ਜਾਂ ਤੁਹਾਡੇ ਕਰਜ਼ੇ ਬਾਰੇ ਝੂਠ ਬੋਲਦੇ ਨੇ, ਏਥੋਂ ਤੱਕ ਕਿ ਉਹ ਕਰਜ਼ਾ ਵਾਪਸ ਕਰਨ ਲਈ ਕਹਿੰਦੇ ਨੇ ਜੋ ਤੁਸੀਂ ਲਿਆ ਹੀ ਨਹੀਂ ਹੁੰਦਾ! ਸਟੇਟ ਜਾਂ ਫੈਡਰਲ ਕਾਨੂੰਨਾਂ ਅਧੀਨ ਹੋ ਸਕਦਾ ਹੈ ਕਿ ਤੁਸੀਂ ਉਹ ਕਰਜ਼ਾ ਦੇਣਾ ਹੀ ਨਾ ਹੋਵੇ ਜੋ ਉਹ ਮੰਗ ਰਹੇ ਨੇ ਜਾਂ ਫਿਰ ਬਹੁਤ ਘੱਟ ਦੇਣਾ ਹੋਵੇ।

**ਅਸੀਂ ਆਪਣੀ ਵਕਾਲਤ ਰਾਹੀਂ ਤੁਹਾਨੂੰ ਆਪਣੇ ਹੱਕ ਬਚਾਉਣ ਵਿੱਚ ਅਤੇ ਬਦਤਮੀਜ਼ ਵਰਤਾਉ ਖਿਲਾਫ ਲੜਨ ਵਿੱਚ ਤੁਹਾਡੀ ਮਦਦ ਕਰਦੇ ਹਾਂ**

## ਕਰੈਡਿਟ ਉਸਾਰੀ ਅਤੇ ਉਸਦੀ ਸੰਭਾਲ਼

ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਰਾਹੀਂ ਕਰੈਡਿਟ ਸਕੋਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਮਿਸਾਲ ਦੇ ਤੌਰ `ਤੇ, ਕਰੈਡਿਟ ਰੀਪੋਰਟ ਵਿੱਚ ਅਕਸਰ ਹੀ ਗ਼ਲਤ ਜਾਣਕਾਰੀ ਹੁੰਦੀ ਹੈ। ਜਾਂ ਖਪਤਕਾਰ ਸ਼ਨਾਖਤੀ ਚੋਰੀ ਦਾ ਸ਼ਿਕਾਰ ਵੀ ਹੋ ਸਕਦਾ ਹੈ। ਕਮਜ਼ੋਰ ਗਰੁੱਪ, ਖ਼ਾਸ ਤੌਰ `ਤੇ ਗੋਦ ਲਏ ਗਏ ਬਾਲਗ, ਬਜ਼ੁਰਗ, ਬੇਘਰੇ ਅਤੇ ਛੋਟ ਵਾਲ਼ੇ ਘਰਾਂ `ਚ ਰਹਿਣ ਵਾਲ਼ੇ ਲੋਕ ਅਕਸਰ ਹੀ ਸ਼ਨਾਖਤੀ ਚੋਰੀ ਦਾ ਸ਼ਿਕਾਰ ਹੁੰਦੇ ਹਨ। ਕਰੈਡਿਟ ਸਕੋਰ ਦੇ ਇਸ ਨੁਕਸਾਨ ਕਾਰਨ ਤੁਹਾਨੂੰ ਵੱਧ ਵਿਆਜ ਦਰ, ਵੱਧ ਇੰਸ਼ੋਰੈਂਸ ਦੇਣੀ ਪੈ ਸਕਦੀ ਹੈ ਅਤੇ ਨੌਕਰੀ ਵੀ ਜਾ ਸਕਦੀ ਹੈ ਅਤੇ ਰਿਹਾਇਸ਼ੀ ਮੌਕੇ ਵੀ ਖੁੱਸ ਸਕਦੇ ਹਨ। ਕਰੈਡਿਟ ਬਣਾਉਣਾ ਜਾਂ ਮੁੜ ਬਣਾਉਣਾ ਚੈਲਿੰਜ ਬਣ ਸਕਦਾ ਹੈ ਅਤੇ ਬਹੁਤ ਸਾਰੇ ਧੋਖਾ ਦੇਣ ਵਾਲ਼ੇ ਗ਼ਲਤ

ਵਾਅਦੇ ਕਰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਜੇ ਤੁਸੀਂ ਉਨ੍ਹਾਂ ਨੂੰ ਪੈਸੇ ਦਿਉ ਤਾਂ ਉਹ ਤੁਹਾਡਾ ਕਰੈਡਿਟ ਠੀਕ ਕਰ ਸਕਦੇ ਹਨ। ਇਨ੍ਹਾਂ ਸਾਰੀਆਂ ਮੁਸ਼ਕਲਾਂ ਨਾਲ਼ ਨਜਿੱਠਣ ਲਈ ਅਸੀਂ ਤੁਹਾਡੀ ਮੁਫ਼ਤ ਮਦਦ ਕਰਦੇ ਹਾਂ ਅਤੇ ਤੁਹਾਡੇ ਹੱਕਾਂ ਅਤੇ ਵਿਕਲਪਾਂ ਬਾਰੇ ਤੁਹਾਨੂੰ ਸਲਾਹ ਦਿੰਦੇ ਹਾਂ, ਆਪਣੇ ਕਰੈਡਿਟ ਨੂੰ ਠੀਕ ਕਰਨ ਅਤੇ ਸ਼ਾਨਖਤੀ ਚੋਰੀ ਨੂੰ ਮੁਖਾਤਿਬ ਹੋਣ ਵਿੱਚ ਤੁਹਾਡੀ ਮਦਦ ਕਰਦੇ ਹਾਂ ਅਤੇ ਤੁਹਾਨੂੰ ਸਿਖਾਉਂਦੇ ਹਾਂ ਕਿ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਕਿਵੇਂ ਆਪਣਾ ਨਵਾਂ ਕਰੈਡਿਟ ਬਣਾਉਣਾ ਜਾਂ ਮੁੜ ਉਸਾਰਨਾ ਹੈ।





**ਮਦਦ ਲਈ ਬੇਨਤੀ ਕਰਨ ਲਈ ਜਾਂ HERA ਦੀਆਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ ਸਾਡੇ ਨਾਲ਼ ਈਮੇਲ ਰਾਹੀਂ ਸੰਪਰਕ ਕਰੋ:** inquiries@heraca.org **ਜਾਂ ਫੋਨ ਕਰੋ:** (510) 271-8443 ext. 300

## ਮੁੜ ਸ਼ਮੂਲੀਅਤ

ਮੁੜ-ਸ਼ਮੂਲੀਅਤ ਦੀ ਪ੍ਰਕਿਰਿਆ `ਚੋਂ ਲੰਘ ਰਹੇ ਬਾਸ਼ਿੰਦੇ ਰੋਜ਼ਗਾਰ ਨਾਲ਼ ਜੁੜਨ ਅਤੇ ਸਥਿਰ ਆਰਥਿਕ ਜ਼ਿੰਦਗੀ ਉਸਾਰਨ ਵਿੱਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। HERA ਕਰਜ਼ੇ ਦੀਆਂ ਮੁਸ਼ਕਲਾਂ ਨਾਲ਼ ਨਜਿੱਠਣ ਅਤੇ ਕਰੈਡਿਟ ਨੂੰ ਮੁੜ ਉਸਾਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ ਅਤੇ ਤੁਹਾਡੇ ਟੀਚਿਆਂ ਦੀ ਪ੍ਰਾਪਤੀ ਲਈ ਅਸੀਂ ਤੁਹਾਨੂੰ ਸੇਵਾਵਾਂ ਹਾਸਲ ਕਰਨੀਆਂ ਸਿਖਾਉਂਦੇ ਹਾਂ ਅਤੇ ਲੱਭਣ ਵਿੱਚ ਮਦਦ ਕਰਦੇ ਹਾਂ।

**ਅਸੀਂ ਤੁਹਾਨੂੰ ਸਿਖਾਉਂਦੇ ਹਾਂ ਕਿ ਸੁਰੱਖਿਅਤ ਆਰਥਿਕ ਭਵਿੱਖ ਕਿਵੇਂ ਉਸਾਰਨਾ ਹੈ**

## ਰਕਫੋਰਸ ਦੀ ਮਦਦ ਕਰਨਾ

ਤੁਹਾਡੇ ਘਰ ਅਤੇ ਰੋਜ਼ਮਰਾ ਦੀ ਆਰਥਿਕ ਜ਼ਿੰਦਗੀ ਨੂੰ ਪ੍ਰਭਾਵਤ ਕਰਨ ਵਾਲ਼ੇ ਕਾਨੂੰਨਾਂ ਅਤੇ ਨੀਤੀਆਂ ਪ੍ਰਤੀ ਆਪਣੀ ਸਮਝ ਨਾਲ਼ HERA ਤੁਹਾਨੂੰ ਸਿਖਾਉਂਦੀ ਹੈ ਕਿ ਆਪਣਾ ਬਚਾਅ ਕਿਵੇਂ ਕਰਨਾ ਹੈ, ਆਰਥਿਕ ਤੌਰ `ਤੇ ਸਮਝਦਾਰ ਕਿਵੇਂ ਬਣਨਾ ਹੈ, ਅਤੇ ਸੁਰੱਖਿਅਤ ਆਰਥਿਕ ਭਵਿੱਖ ਕਿਵੇਂ ਉਸਾਰਨਾ ਹੈ। ਬੇਸ਼ੱਕ ਇਹ ਨਿਰਣਾ ਕਰਨਾ ਹੋਵੇ ਕਿ ਕਿਹੜੀਆਂ ਬੈਂਕ ਸੇਵਾਵਾਂ ਸੁਰੱਖਿਅਤ ਹਨ, ਜਾਂ ਕਰੈਡਿਟ ਹਾਸਿਲ ਕਰਨ ਲਈ ਮਦਦ ਲੈਣੀ ਹੋਵੇ, HERA ਕਾਨੂੰਨੀ ਸੇਵਾਵਾਂ ਦਾ ਇੱਕ ਵਿਲੱਖਣ ਸਰੋਤ ਹੈ।

## ਦੇਹਾਤੀ ਅਤੇ ਸ਼ਹਿਰੀ ਕੈਲੇਫੋਰਨੀਆ

HERA ਆਪਣੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਦੀ ਨਿਰੰਤਰ ਵਿਕਾਸਸ਼ੀਲ ਰੇਂਜ ਨਾਲ਼ ਬਾਸ਼ਿੰਦਿਆਂ ਦੇ ਸੁਰੱਖਿਅਤ ਰਹਿਣ ਵਿੱਚ ਅਤੇ ਮਜ਼ਬੂਤ ਆਰਥਿਕ ਭਵਿੱਖ ਉਸਾਰਨ ਵਿੱਚ ਕੈਲੇਫੋਰਨੀਆ ਸਟੇਟ ਦੀ ਸੇਵਾ ਕਰਦਾ ਹੈ। ਤੁਸੀਂ ਮੁਫ਼ਤ ਕਾਨੂੰਨੀ ਸਲਾਹ ਅਤੇ ਕੌਂਸਲ ਲਈ ਕੈਲੇਫੋਰਨੀਆ `ਚੋਂ ਕਿਤਿਉਂ ਵੀ ਸਾਡੇ ਨਾਲ਼ ਸੰਪਰਕ ਕਰ ਸਕਦੇ ਹੋ।

## ਬਦਲਦੇ ਸਿਸਟਮ

ਸਾਡੇ ਗਾਹਕ, ਸਾਡੀ ਖੋਜ ਅਤੇ ਵੱਖ ਵੱਖ ਆਰਥਿਕ ਅਤੇ ਸਿਆਸੀ ਅਦਾਰਿਆਂ ਨਾਲ਼ ਸਾਡਾ ਸਿੱਧਾ ਤਜ਼ਰਬਾ ਲੋੜੀਂਦੀਆਂ ਤਬਦੀਲੀਆਂ ਪ੍ਰਤੀ HERA ਜਾਣੂੰ ਕਰਵਾਉਂਦਾ ਹੈ। ਉਨ੍ਹਾਂ ਤਬਦੀਲੀਆਂ ਨੂੰ ਲਾਗੂ ਕਰਵਾਉਣ ਲਈ HERA ਲੋਕਲ, ਸਟੇਟ ਅਤੇ ਫੈਡਰਲ ਲੈਵਲ `ਤੇ ਵਕਾਲਤ ਕਰਦੀ ਹੈ, ਹਿੱਸੇਦਾਰਾਂ ਅਤੇ ਸਹਿਯੋਗੀਆਂ ਨੂੰ ਸਿੱਖਿਆ ਪ੍ਰਦਾਨ ਕਰਦੀ ਹੈ, ਮਾਹਿਰਾਂ ਨੂੰ ਸਿਖਲਾਈ ਦਿੰਦੀ ਹੈ, ਨਵੀਆਂ ਸੰਸਥਾਵਾਂ ਬਣਾਉਂਦੀ ਹੈ, ਵਿਉਂਤਬੱਧ ਤਰੀਕੇ ਨਾਲ਼ ਕਾਨੂੰਨੀ ਕਾਰਵਾਈ ਕਰਦੀ ਤੇ ਨਵੀਆਂ ਸਾਂਝਾਂ ਸਿਰਜਦੀ ਹੈ।

## ਸਰੋਤਾਂ ਤੱਕ ਪਹੁੰਚ ਅਤੇ ਜਾਗਰੂਕਤਾ ਫੈਲਾਉਣਾ -- Money-Happy.org

2017 ਵਿੱਚ HERA ਵੱਲੋਂ ਇੱਕ 6-ਭਾਸ਼ਾਈ ਸਰੋਤਾਂ ਦੀ ਵਿਲੱਖਣ ਵੈੱਬਸਾਈਟ ਚਿਤਵੀ ਅਤੇ ਬਣਾਈ ਗਈ ਅਤੇ ਸਟਾਫ਼ ਰਾਹੀਂ ਪਰਖੀ ਗਈ ਤਾਂ ਜੋ ਲੋੜਵੰਦ ਬਾਸ਼ਿੰਦਿਆਂ ਨੂੰ ਪਤਾ ਲੱਗ ਸਕੇ ਕਿ ਲੋੜੀਦੀਆਂ ਵੱਖ ਵੱਖ ਆਰਥਿਕ ਲੋੜਾਂ ਲਈ ਸੂਬੇ ਭਰ ਵਿੱਚ ਕਿੱਥੇ ਜਾਣਾ ਹੈ। ਇਸ ਤੋਂ ਇਲਾਵਾ money-happy.org ਆਰਥਿਕ ਸੰਦਾਂ ਬਾਰੇ ਟਿਪਸ ਅਤੇ ਗੂੜ੍ਹ-ਗਿਆਨ ਸਾਂਝਾ ਕਰਦਾ ਹੈ। ਇਸ ਪ੍ਰਤੀ HERA ਇੱਕ ਇੱਕ ਕਰਕੇ ਹਰ ਕਾਉਂਟੀ ਵਿੱਚ ਸਰੋਤ ਬਣਾ ਰਹੀ ਰਹੀ ਹੈ।